ਤ੍ਵ ਪ੍ਰਸਾਦਿ ॥ ਦੀਰਘ ਤ੍ਰਿਭੰਗੀ ਛੰਦ ॥

ਦੁਰਜਨ ਦਲ ਦੰਡਣ, ਅਸੁਰ ਬਿਹੰਡਣ, ਦੁਸਟ ਨਿਕੰਦਣ, ਆਦਿ ਬ੍ਰਿਤੇ ॥ ਚਛਰਾਸੁਰ ਮਾਰਣ, ਪਤਿਤ ਉਧਾਰਣ, ਨਰਕ ਨਿਵਾਰਣ, ਗੂੜ ਗਤੇ ॥

ਅਛੇ ਅਖੰਡੇ, ਤੇਜ ਪ੍ਰਚੰਡੇ, ਖੰਡ ਉਦੰਡੇ, ਅਲਖ ਮਤੇ ॥ ਜੈ ਜੈ ਹੋਸੀ, ਮਹਖਾਸੁਰ ਮਰਦਨ, ਰੰਮ ਕਪਰਦਨ, ਛਤ੍ਰ ਛਿਤੇ ॥੧॥੨੧੧॥ ਆਸੁਰੀ ਬਿਹੰਡਣ, ਦੁਸਟ ਨਿਕੰਦਣ, ਪੁਸਟ ਉਦੰਡਣ, ਰੂਪ ਅਤੇ ॥ ਚੰਡਾਸੁਰ ਚੰਡਣ, ਮੁੰਡ ਬਿਹੰਡਣ, ਧੂਮ੍ਰ ਬਿਧੁੰਸਣ, ਮਹਖ ਮਥੇ ॥ ਦਾਨਵ

ਪ੍ਰਹਾਰਨ, ਨਰਕ ਨਿਵਾਰਨ,

ਅਧਮ ਉਧਾਰਨ, ਉਰਧ ਅਧੇ ॥

ਜੈ ਜੈ ਹੋਸੀ, ਮਹਖਾਸੁਰ ਮਰਦਨ,

ਰੰਮ ਕਪਰਦਨ, ਆਦਿ ਬ੍ਰਿਤੇ

॥੨॥੨੧੨॥ ਡਾਵਰੂ ਡਵੰਕੈ,

ਬਬਰ ਬਵੰਕੈ, ਭੁਜਾ ਫਰੰਕੈ,

ਤੇਜ ਬਰੰ ॥ ਲੰਕੁੜੀਆ ਫਾਂਧੈ,

ਆਯੁਧ ਬਾਂਧੈ, ਸੈਨ ਬਿਮਰਦਨ,

ਕਾਲ ਅਸੁਰੰ ॥ ਅਸਟਾਇਧ

ਚਮਕੈ, ਭੂਖਣ ਦਮਕੈ, ਅਤਿ
ਸਿਤ ਝਮਕੈ, ਫੁੰਕ ਫਨੰ ॥ ਜੈ
ਜੈ ਹੋਸੀ, ਮਹਖਾਸੁਰ ਮਰਦਨ,
ਰੰਮ ਕਪਰਦਨ, ਦੈਤ ਜਿਣੰ
॥੩॥੨੧੩॥ ਚੰਡਾਸੁਰ ਚੰਡਣ,
ਮੁੰਡ ਬਿਮੁੰਡਣ, ਖੰਡ ਅਖੰਡਣ,
ਖੂਨ ਖਿਤੇ ॥ ਦਾਮਨੀ ਦਮੰਕਣ,
ਧੁਜਾ ਫਰੰਕਣ, ਫਣੀ ਫੁੰਕਾਰਣ,
ਜੋਧ ਜਿਤੇ ॥ ਸਰ ਧਾਰ

ਬਿਬਰਖਣ, ਦੁਸਟ ਪ੍ਰਕਰਖਣ,

ਪ੍ਰਸਟ ਪ੍ਰਹਰਖਣ, ਦੁਸਟ ਮਥੇ ॥

ਜੈ ਜੈ ਹੋਸੀ, ਮਹਖਾਸੁਰ ਮਰਦਨ,

ਭੂਮ ਅਕਾਸ ਤਲ, ਉਰਧ ਅਧੇ

॥੪॥੨੧੪॥ ਦਾਮਨੀ ਪ੍ਰਹਾਸਨ,

ਸੁ ਛਬ ਨਿਵਾਸਨ, ਸ੍ਰਿਸਟ

ਪ੍ਰਕਾਸਨ, ਗੂੜ ਗਤੇ ॥

ਰਕਤਾਸੁਰ ਆਚਨ, ਜੁੱਧ

ਪ੍ਰਮਾਚਨ, ਨ੍ਰਿਦੈ ਨਰਾਚਨ,

ਧਰਮ ਬ੍ਰਿਤੇ ॥ ਸ੍ਰੋਣੰਤ ਅਚਿੰਤੀ,
ਅਨਲ ਬਿਵੰਤੀ, ਜੋਗ ਜਯੰਤੀ,
ਖੜਗ ਧਰੇ ॥ ਜੈ ਜੈ ਹੋਸੀ,
ਮਹਖਾਸੁਰ ਮਰਦਨ, ਪਾਪ
ਬਿਨਾਸਨ, ਧਰਮ ਕਰੇ
॥੫॥੨੧੫॥ ਅਘ ਓਘ
ਨਿਵਾਰਨ, ਦੁਸਟ ਪ੍ਰਜਾਰਨ,
ਸ੍ਰਿਸਟਿ ਉਬਾਰਨ, ਸੁਧ ਮਤੇ ॥
ਫਣੀਅਰ ਫੁੰਕਾਰਣ, ਬਾਘ

ਬਕਾਰਣ, ਸਸਤ੍ਰ ਪ੍ਰਹਾਰਣ,
ਸਾਧ ਮਤੇ ॥ ਸੈਹਥੀ ਸਨਾਹਨ,
ਅਸਟ ਪ੍ਰਬਾਹਨ, ਬੋਲ ਨਿਬਾਹਨ,
ਤੇਜ ਅਤੁਲੰ ॥ ਜੈ ਜੈ ਹੋਸੀ,
ਮਹਖਾਸੁਰ ਮਰਦਨ, ਭੂਮ
ਅਕਾਸ, ਪਤਾਲ ਜਲੰ
॥੬॥੨੧੬॥ ਚਾਚਰ
ਚਮਕਾਰਨ, ਚਿਛੁਰ ਹਾਰਨ,
ਧੂਮ ਧੁੰਕਾਰਨ, ਦ੍ਰਪ ਮਥੇ ॥

ਦਾੜਵੀ ਪ੍ਰਦੰਤੇ, ਜੋਗ ਜਯੰਤੇ,

ਮਨੁਜੁ ਮਥੰਤੇ, ਗੂੜ ਕਥੇ ॥

ਕਰਮ ਪ੍ਰਣਾਸਨ, ਚੰਦ ਪ੍ਰਕਾਸਨ,

ਸੂਰਜ ਪ੍ਰਤੇਜਨ, ਅਸਟ ਭੁਜੇ ॥

ਜੈ ਜੈ ਹੋਸੀ, ਮਹਖਾਸੁਰ ਮਰਦਨ,

ਭਰਮ ਬਿਨਾਸਨ, ਧਰਮ ਧੁਜੇ

॥੭॥੨੧੭॥ ਘੁੰਘਰੂ ਘਮੰਕਣ,

ਸਸਤ੍ਰ ਝਮੰਕਣ, ਫਣੀਅਰ

ਫੁੰਕਾਰਣ, ਧਰਮ ਧੁਜੇ ॥

ਅਸਟਾਟ ਪ੍ਰਹਾਸਨ, ਸ੍ਰਿਸਟ
ਨਿਵਾਸਨ, ਦੁਸਟ ਪ੍ਰਣਾਸਨ,
ਚਕ੍ਰ ਗਤੇ ॥ ਕੇਸਰੀ ਪ੍ਰਵਾਹੇ,
ਸੁੱਧ ਸਨਾਹੇ, ਅਗਮ ਅਥਾਹੇ,
ਏਕ ਬ੍ਰਿਤੇ ॥ ਜੈ ਜੈ ਹੋਸੀ,
ਮਹਖਾਸੁਰ ਮਰਦਨ, ਆਦਿ
ਕੁਮਾਰ, ਅਗਾਧ ਬ੍ਰਿਤੇ
॥੮॥੨੧੮॥ ਸੁਰ ਨਰ ਮੁਨ
ਬੰਦਨ, ਦੁਸਟ ਨਿਕੰਦਨ, ਭ੍ਰਿਸਟ

ਬਿਨਾਸਨ, ਮ੍ਰਿਤ ਮਥੇ ॥ ਕਾਵਰੂ
ਕੁਮਾਰੇ, ਅਧਮ ਉਧਾਰੇ, ਨਰਕ
ਨਿਵਾਰੇ, ਆਦ ਕਥੇ ॥ ਕਿੰਕਣੀ
ਪ੍ਰਸੋਹਣ, ਸੁਰ ਨਰ ਮੋਹਣ,
ਸਿੰਘਾ ਰੋਹਣ, ਬਿਤਲ ਤਲੇ ॥
ਜੈ ਜੈ ਹੋਸੀ, ਸਭ ਠਉਰ
ਨਿਵਾਸਨ, ਬਾਇ ਪਤਾਲ
ਅਕਾਸ ਅਨਲੇ ॥੯॥੨੧੯॥
ਸੰਕਟੀ ਨਿਵਾਰਨ, ਅਧਮ

ਉਧਾਰਨ, ਤੇਜ ਪ੍ਰਕਰਖਣ, ਤੁੰਦ ਤਬੇ ॥ ਦੁਖ ਦੋਖ ਦਹੰਤੀ, ਜੁਆਲ ਜਯੰਤੀ, ਆਦ ਅਨਾਦ ਅਗਾਧ ਅਛੇ ॥ ਸੁਧੱਤਾ ਸਮਰਪਣ, ਤਰਕ ਬਿਤਰਕਣ, ਤਪਤ ਪ੍ਰਤਾਪਣ, ਜਪਤ ਜਿਵੇ ॥ ਜੈ ਜੈ ਹੋਸੀ, ਸਸਤ੍ਰ ਪ੍ਰਕਰਖਣ, ਆਦ ਅਨੀਲ ਅਗਾਧ ਅਭੇ ॥੧੦॥੨੨੦॥ ਚੰਚਲਾ ਚਖੰਗੀ,

ਅਲਕ ਭੁਜੰਗੀ, ਤੁੰਦ ਤੁਰੰਗਣ,
ਤਿਛ ਸਰੇ ॥ ਕਰ ਕਸਾ ਕੁਠਾਰੇ,
ਨਰਕ ਨਿਵਾਰੇ, ਅਧਮ ਉਧਾਰੇ,
ਤੂਰ ਭੁਜੇ ॥ ਦਾਮਨੀ ਦਮੰਕੇ,
ਕੇਹਰ ਲੰਕੇ, ਆਦ ਅਤੰਕੇ, ਕ੍ਰੂਰ
ਕਥੇ ॥ ਜੈ ਜੈ ਹੋਸੀ, ਰਕਤਾਸੁਰ
ਖੰਡਣ, ਸੁੰਭ ਚਕ੍ਰਤ, ਨਿਸੁੰਭ
ਮਥੇ ॥੧੧॥੨੨੧॥ ਬਾਰਜ
ਬਿਲੋਚਨ, ਬ੍ਰਿਤਨ ਬਿਮੋਚਨ,

ਸੋਚ ਬਿਸੋਚਨ, ਕਉਚ ਕਸੇ ॥
ਦਾਮਨੀ ਪ੍ਰਹਾਸੇ, ਸੁਕ ਸਰ ਨਾਸੇ,
ਸੁਬ੍ਰਿਤ ਸੁਬਾਸੇ, ਦੁਸਟ ਗ੍ਰਸੇ ॥
ਚੰਚਲਾ ਪ੍ਰਅੰਗੀ, ਬੇਦ ਪ੍ਰਸੰਗੀ,
ਤੇਜ ਤੁਰੰਗੀ, ਖੰਡ ਸੁਰੰ ॥ ਜੈ ਜੈ
ਹੋਸੀ, ਮਹਖਾਸੁਰ ਮਰਦਨ,
ਆਦ ਅਨਾਦ ਅਗਾਧ ਉਰਧੰ
॥੧੨॥੨੨੨॥ ਘੰਟਕਾ
ਬਿਰਾਜੈ, ਰੁਣਝੁਣ ਬਾਜੈ, ਭ੍ਰਮ ਭੈ

ਭਾਜੈ, ਸੁਨਤ ਸੁਰੰ ॥ ਕੋਕਲ
ਸੁਨ ਲਾਜੈ, ਕਿਲਬਿਖ ਭਾਜੈ,
ਸੁਖ ਉਪਰਾਜੈ, ਮਧ ਉਰੰ ॥
ਦੁਰਜਨ ਦਲ ਦੱਝੈ, ਮਨ ਤਨ
ਰਿੱਝੈ, ਸਭੈ ਨ ਭੱਜੈ, ਰੋਹ ਰਣੰ ॥
ਜੈ ਜੈ ਹੋਸੀ, ਮਹਖਾਸੁਰ ਮਰਦਨ,
ਚੰਡ ਚੱਕ੍ਰਤਨ, ਆਦ ਗੁਰੰ
॥੧੩॥੨੨੩॥ ਚਾਚਰੀ
ਪ੍ਰਜੋਧਨ, ਦੁਸਟ ਬਿਰੋਧਨ, ਰੋਸ

ਅਰੋਧਨ, ਕ੍ਰੂਰ ਬ੍ਰਿਤੇ ॥ ਧੂਮ੍ਰਾਛ
ਬਿਧੁੰਸਨ, ਪ੍ਰਲੈ ਪ੍ਰਜੰਸਨ, ਜਗ
ਬਿਧੁੰਸਨ, ਸੁਧ ਮਤੇ ॥ ਜਾਲਪਾ
ਜਯੰਤੀ, ਸਤ੍ਰ ਮਥੰਤੀ, ਦੁਸਟ
ਪ੍ਰਦਾਹਨ, ਗਾੜ ਮਤੇ ॥ ਜੈ ਜੈ
ਹੋਸੀ, ਮਹਖਾਸੁਰ ਮਰਦਨ,
ਆਦਿ ਜੁਗਾਦਿ, ਅਗਾਧ ਗਤੇ
॥੧੪॥੨੨੪॥ ਖਤ੍ਰੀਆਣ
ਖਤੰਗੀ, ਅਭੈ ਅਭੰਗੀ, ਆਦਿ

ਅਨੰਗੀ, ਅਗਾਧ ਗਤੇ ॥
ਬ੍ਰਿੜਲਾਫ਼ ਬਿਹੰਡਣ, ਚੱਛਰ
ਦੰਡਣ, ਤੇਜ ਪ੍ਰਚੰਡਣ, ਆਦਿ
ਬ੍ਰਿਤੇ ॥ ਸੁਰ ਨਰ ਪ੍ਰਤਿਪਾਰਣ,
ਪਤਿਤ ਉਧਾਰਣ, ਦੁਸਟ
ਨਿਵਾਰਣ, ਦੋਖ ਹਰੇ ॥ ਜੈ ਜੈ
ਹੋਸੀ, ਮਹਖਾਸੁਰ ਮਰਦਨ,
ਬਿਸ੍ਵ ਬਿਧੁੰਸਨ, ਸ੍ਰਿਸਟ ਕਰੇ
॥੧੫॥੨੨੫॥ ਦਾਮਨੀ

ਪ੍ਰਕਾਸੇ, ਉੁਨਤਨ ਨਾਸੇ, ਜੋਤ
ਪ੍ਰਕਾਸੇ, ਅਤੁਲ ਬਲੇ ॥ ਦਾਨਵੀ
ਪ੍ਰਕ੍ਰਖਣ, ਸਰਵਰ ਵਰਖਣ,
ਦੁਸਟ ਪ੍ਰਧ੍ਰਖਣ, ਬਿਤਲ ਤਲੇ ॥
ਅਸਟਾਇਧ ਬਾਹਣ, ਬੋਲ
ਨਿਬਾਹਣ, ਸੰਤ ਪਨਾਹਣ, ਗੂੜ
ਗਤੇ ॥ ਜੈ ਜੈ ਹੋਸੀ, ਮਹਖਾਸੁਰ
ਮਰਦਨ, ਆਦ ਅਨਾਦਿ,
ਅਗਾਧਿ ਬ੍ਰਿਤੇ ॥੧੬॥੨੨੬॥

ਦੁਖ ਦੋਖ ਪ੍ਰਭਛਣ, ਸੇਵਕ ਰਛਣ, ਸੰਤ ਪ੍ਰਤਛਣ, ਸੁਧ ਸਰੇ ॥ ਸਾਰੰਗ ਸਨਾਹੇ, ਦੁਸਟ ਪ੍ਰਦਾਹੇ, ਅਰ ਦਲ ਗਾਹੇ, ਦੋਖ ਹਰੇ ॥ ਗੰਜਨ ਗੁਮਾਨੇ, ਅਤੁਲ ਪ੍ਰਵਾਨੇ, ਸੰਤ ਜਮਾਨੇ, ਆਦਿ ਅੰਤੇ ॥ ਜੈ ਜੈ ਹੋਸੀ, ਮਹਖਾਸੁਰ ਮਰਦਨ, ਸਾਧ ਪ੍ਰਦਛਨ, ਦੁਸਟ ਹੰਤੇ ॥੧੭॥੨੨੭॥ ਕਾਰਣ

ਕਰੀਲੀ, ਗਰਬ ਗਹੀਲੀ, ਜੋਤ ਜਤੀਲੀ, ਤੁੰਦ ਮਤੇ ॥ ਅਸਟਾਇਧ ਚਮਕਣ, ਸਸਤ੍ਰ ਝਮਕਣ, ਦਾਮਨ ਦਮਕਣ, ਆਦਿ ਬ੍ਰਿਤੇ ॥ ਡੁਕਡੁਕੀ ਦਮੰਕੈ, ਬਾਘ ਬਬੰਕੈ, ਭੁਜਾ ਫਰੰਕੈ, ਸੁਧ ਗਤੇ ॥ ਜੈ ਜੈ ਹੋਸੀ, ਮਹਖਾਸੁਰ ਮਰਦਨ, ਆਦਿ ਜੁਗਾਦਿ, ਅਨਾਦ ਮਤੇ ॥੧੯॥੨੨੯॥

ਚਛਰਾਸੁਰ ਮਾਰਣ, ਨਰਕ
ਨਿਵਾਰਣ, ਪਤਿਤ ਉਧਾਰਣ,
ਏਕ ਭਟੇ ॥ ਪਾਪਾਨ ਬਿਹੰਡਣ,
ਦੁਸਟ ਪ੍ਰਚੰਡਣ, ਖੰਡ ਅਖੰਡਣ,
ਕਾਲ ਕਟੇ ॥ ਚੰਦ੍ਰਾਨਨ ਚਾਰੈ,
ਨਰਕ ਨਿਵਾਰੈ, ਪਤਿਤ ਉਧਾਰੇ,
ਮੁੰਡ ਮਥੇ ॥ ਜੈ ਜੈ ਹੋਸੀ,
ਮਹਖਾਸੁਰ ਮਰਦਨ, ਧੂਮ੍ਰ
ਬਿਧੁੰਸਨ, ਆਦਿ ਕਥੇ

॥੧੯॥੨੨੯॥ ਰਕਤਾਸੁਰ
ਮਰਦਨ, ਚੰਡ ਚਕ੍ਰਦਨ, ਦਾਨਵ
ਅਰਦਨ, ਬਿੜਾਲ ਬਧੇ ॥ ਸਰ
ਧਾਰ ਬਿਬਰਖਣ, ਦੁਰਜਨ
ਧਰਖਣ, ਅਤੁਲ ਅਮਰਖਣ,
ਧਰਮ ਧੁਜੇ ॥ ਧੂਮ੍ਰਾਛ ਬਿਧੁੰਸਨ,
ਸ੍ਰੋਣਤ ਚੁੰਸਨ, ਸੁੰਭ ਨਪਾਤ,
ਨਿਸੁੰਭ ਮਥੇ ॥ ਜੈ ਜੈ ਹੋਸੀ,
ਮਹਖਾਸੁਰ ਮਰਦਨ, ਆਦਿ

ਅਨੀਲ, ਅਗਾਧ ਕਥੇ

॥੨੦॥੨੩੦॥